(i) ਸੁਪਰਡੰਟ, ਸੁਪਰਵਾਈਜ਼ਰਾਂ, ਹੈਡ ਕਲਰਕਾਂ ਅਤੇ ਕਲਰਕਾਂ ਦੀਆਂ ਆਸਾਮੀਆਂ ਤੋਂ ਛੁੱਟ, ਅੰਤਕਾ 'ੳ'ਵਿਚ ਦਰਸਾਈਆਂ ਹੋਰ ਸਾਰੀਆਂ ਆਸਾਮੀਆਂ ਦੀ ਸੂਰਤ ਵਿਚ, 66 2/3% ਆਸਾਮੀਆਂ ਤਰੱਕੀ ਦੁਆਰਾ ਜਾਂ ਬਦਲੀ ਦੁਆਰਾ ਅਤੇ $33^{1/3}$% ਆਸਾਮੀਆਂ ਸਿੱਧੀ ਨਿਯੁਕਤੀ ਦੁਆਰਾ ਭਰੀਆਂ ਜਾਣਗੀਆਂ;

(ii);[govzN, ;[gotkJh}oK ns/ j?v eboeK dhnK nk;kwhnK dh ;{os ftu ;kohnK nk;kwhnK T[s/ fB:[eshnK soZeh iK pdbh d[nkok ehshnK ikDrhnKl ns/

(iii) ਕਲਰਕਾਂ ਦੀ ਸੂਰਤ ਵਿਚ 20% ਆਸਾਮੀਆਂ ਤਰੱਕੀ ਦੁਆਰਾ ਅਤੇ 80% ਆਸਾਮੀਆਂ ਸਿੱਧੀ ਨਿਯੁਕਤੀ ਦੁਆਰਾ ਭਰੀਆਂ ਜਾਣਗੀਆਂ ।

2) ਇਨ੍ਹਾਂ ਆਸਾਮੀਆਂ ਉਤੇ ਸਾਰੀਆਂ ਤਰੱਕੀਆਂ, ਯੋਗਤਾ ਉਤੇ ਆਧਾਰਤ ਅਤੇ ਸੀਨੀਅਰਤਾ ਨੂੰ ਮੁੱਖ ਰਖਦਿਆਂ, ਚੋਣ ਦੁਆਰਾ ਕੀਤੀਆਂ ਜਾਣਗੀਆਂ ਅਤੇ ਇਕੱਲੀ ਸੀਨੀਅਰਤਾ ਨਿਯੁਕਤੀ ਦਾ ਅਧਿਕਾਰ ਨਹੀਂ ਦੇਵੇਗੀ ।

**ਸਿੱਖਿਅਕ ਅਤੇ ਹੋਰ ਕਾਬਲੀਅਤਾਂ**

8. (1) ਸੇਵਾ ਵਿਚ ਕਿਸੇ ਵੀ ਵਿਅਕਤੀ ਨੂੰ ਸਿੱਧੀ ਨਿਯੁਕਤੀ ਦੁਆਰਾ ਭਰਤੀ ਨਹੀਂ ਕੀਤਾ ਜਾਵੇਗਾ ਜੇਕਰ ਉਹ ਇਨ੍ਹਾਂ ਨਿਯਮਾਂ ਦੇ ਅੰਤਕਾ 'ਓ' ਦੇ ਖਾਨਾ 5 ਵਿਚ ਉਲਿਖਿਤ ਸਿਖਿਅਕ ਅਤੇ ਹੋਰ ਕਾਬਲੀਅਤਾਂ ਨਾ ਰਖਦਾ ਹੋਵੇ ।

(2) ਕੋਈ ਵੀ ਮੈਂਬਰ:-

ੳ) ਖੋਜ ਸਹਾਇਕ ਜਾਂ ਜ਼ਿਲ੍ਹਾ ਭਾਸ਼ਾ ਅਫ਼ਸਰ ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ ਜੇਕਰ ਉਹ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਦਾ ਗਰੈਜੂਏਟ ਅਤੇ ਪੰਜਾਬੀ, ਹਿੰਦੀ, ਸੰਸਕ੍ਰਿਤ,ਉਰਦੂ ਜਾਂ ਫਾਰਸੀ ਦਾ ਆਨਰਜ਼ ਨਾ ਹੋਵੇ ਅਤੇ ਘੱਟੋ ਘੱਟ ਤਿਨ ਸਾਲਾਂ ਦੇ ਸਮੇਂ ਲਈ ਅਨੁਵਾਦਕ ਜਾਂ ਪੰਜਾਬੀ ਜਾਂ ਹਿੰਦੀ ਜਾਂ ਉਰਦੂ ਆਰਗੇਨਾਈਜ਼ਰ ਦੇ ਤੌਰ ਤੇ ਕੰਮ ਕਰਨ ਦਾ ਤਜਰਬਾ ਨਾ ਰਖਦਾ ਹੋਵੇ:

ਪਰੰਤੂ ਇਹ ਹੈ ਕਿ ਲਾਇਬ੍ਰੇਰੀਅਨ ਦੀ ਸੂਰਤ ਵਿਚ, ਤਰੱਕੀ ਲਈ ਘਟੋ ਘੱਟ ਸਿਖਿਅਕ ਕਾਬਲੀਅਤ, ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਦੀ ਐਮ.ਏ.ਅਤੇ ਇਸ ਦੇ ਨਾਲ ਪੰਜਾਬੀ, ਹਿੰਦੀ ਜਾਂ ਸੰਸਕ੍ਰਿਤ ਦੀ ਆਨਰਜ਼ ਹੋਵੇਗੀ ;

(ਅ) ਅਨੁਵਾਦਕ ਜਾਂ ਪੰਜਾਬੀ, ਹਿੰਦੀ ਜਾਂ ਉਰਦੂ ਆਰਗੇਨਾਈਜ਼ਰ ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ, ਜੇਕਰ ਉਹ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਦਾ ਗਰੇਜੂਏਟ ਨਾ ਹੋਵੇ ਅਨੁਵਾਦਕ(ਪੰਜਾਬੀ) ਜਾਂ ਪੰਜਾਬੀ ਆਰਗੇਨਾਈਜ਼ਰ ਦੀ ਆਸਾਮੀ ਤੇ ਤਰੱਕੀ ਦੀ ਸੂਰਤ ਵਿਚ ਹਿੰਦੀ ਜਾਂ ਸੰਸਕ੍ਰਿਤ ਦਾ ਆਨਰਜ਼ ਨਾ ਹੋਵੇ ਜਾਂ ਉਰਦੂ ਆਰਗੇਨਾਈਜ਼ਰ ਦੀ ਆਸਾਮੀ ਤੇ ਤਰੱਕੀ ਦੀ ਸੂਰਤ ਵਿਚ ਉਰਦੂ ਜਾਂ ਫ਼ਾਰਸੀ ਦਾ ਆਨਰਜ਼ ਨਾ ਹੋਵੇ ਅਤੇ ਸਹਾਇਕ ਕੋਸ਼ਕਾਰ ਜਾਂ ਪਰੂਫ਼ ਰੀਡਰ ਜਾਂ ਵਿਕਾਸ ਸਹਾਇਕ ਦੇ ਤੌਰ ਤੇ ਕੰਮ ਕਰਨ ਦਾ ਘੱਟੋਂ ਘੱਟ 3 ਸਾਲਾਂ ਦਾ ਤਜਰਬਾ ਨਾ ਰਖਦਾ ਹੋਵੇ;

(ੲ) ਪਰੂਫ਼ ਰੀਡਰ ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ, ਜੇਕਰ ਉਹ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਦਾ ਗਰੈਜੂਏਟ ਹੋਣ ਦੀ ਸੂਰਤ ਵਿਚ ਕਾਪੀ ਹੋਲਡਰ ਦੇ ਤੌਰ ਤੇ ਘੱਟੋ ਘੱਟ 3 ਸਾਲਾਂ ਦਾ ਅਤੇ ਹੋਰ ਸੂਰਤਾਂ ਵਿਚ 7 ਸਾਲਾਂ ਦਾ ਤਜਰਬਾ ਨਾ ਰਖਦਾ ਹੋਵੇ ;

(ਸ) ਅੰਕੜਾ ਵਿਗਿਆਨੀ ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ, ਜੇਕਰ ਉਹ ਕੰਪਿਊਟਰ ਦੇ ਤੌਰ ਤੇ ਕੰਮ ਕਰਨ ਦਾ ਘੱਟੋ ਘੱਟ 10 ਸਾਲਾਂ ਦਾ ਤਜਰਬਾ ਨਾ ਰਖਦਾ ਹੋਵੇ ਅਤੇ ਹਿਸਾਬ ਦੇ ਮਜ਼ਮੂਨ ਵਿਚ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਗਰੈਜੂਏਟ ਨਾ ਹੋਵੇ ;

(ਹ) ਸੁਪਰਡੰਟ ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ, ਜੇਕਰ ਉਹ ਹੈਡ ਕਲਰਕ ਜਾਂ ਸੁਪਰਵਾਈਜ਼ਰ ਦੇ ਤੌਰ ਤੇ ਕੰਮ ਕਰਨ ਦਾ ਘੱਟੋ ਘੱਟ 5 ਸਾਲਾਂ ਦਾ ਤਜਰਬਾ ਨਾ ਰਖਦਾ ਹੋਵੇ ਅਤੇ ਉਸ ਦੇ ਬੋਰਡ ਦੁਆਰਾ ਲਏ ਗਏ ਸਹਾਇਕ ਦਾ ਟੈਸਟ ਪਾਸ ਨਾ ਹੋਵੇ;

(ਕ) ਸੁਪਰਵਾਈਜ਼ਰ(ਪ੍ਰੀਖਿਆ) ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ, ਜੇਕਰ ਉਹ ਹੈਡ ਕਲਰਕ ਜਾਂ ਸਹਾਇਕ ਜਾਂ ਸਟੈਨੋਗ੍ਰਾਫਰ ਦੇ ਤੌਰ ਤੇ ਕੰਮ ਕਰਨ ਦਾ ਘੱਟੋ ਘੱਟ 5 ਸਾਲਾਂ ਦਾ ਤਜਰਬਾ ਨਾ ਰੱਖਦਾ ਹੋਵੇ ਅਤੇ ਉਸ ਨੇ ਬੋਰਡ ਦੁਆਰਾ ਲਏ ਗਏ ਸਹਾਇਕ ਦਾ ਟੈਸਟ ਪਾਸ ਨਾ ਕੀਤਾ ਹੋਵੇ;

-----------------

*ਨੋਟ:1 ਸਿੱਧੀ ਨਿਯੁਕਤੀ ਦੀ ਸੂਰਤ ਵਿਚ ਜੇ ਹੋਰ ਸਾਰੀਆਂ ਗੱਲਾਂ ਬਰਾਬਰ ਹੋਣ, ਤਾਂ ਤਰਜੀਹ ਉਨ੍ਹਾਂ ਉਮੀਦਵਾਰਾਂ ਨੂੰ ਦਿੱਤੀ ਜਾਵੇਗੀ ਜਿਨ੍ਹਾਂ ਨੇ ਕੌਮੀ ਆਜ਼ਾਦੀ ਲਈ ਖ਼ੁਦ ਕੰਮ ਕੀਤਾ ਹੋਵੇ ਜਾਂ ਕੋਈ*

*ਮਹੱਤਵਪੂਰਨ ਸਮਾਜਕ ਜਾਂ ਜਨਤਕ ਸੇਵਾ ਕੀਤੀ ਹੋਵੇ ।*
*ਨੋਟ:2 ਇਨ੍ਹਾਂ ਨਿਯਮਾਂ ਦੇ ਅੰਤਕਾ 'ਓ' ਦੇ ਖਾਨਾ 5 ਵਿਚ, ਜਿਥੇ ਕਿਸੇ ਆਸਾਮੀ ਲਈ ਬਦਲਵੀਆਂ ਕਾਬਲੀਅਤਾਂ ਮੁਕੱਰਰ ਕੀਤੀਆਂ ਗਈਆਂ ਹਨ, ਉਥੇ ਡਾਇਰੈਕਟਰ ਜਨਰਲ, ਆਸਾਮੀ ਦੀਆਂ ਡਿਊਟੀਆਂ ਨੂੰ ਮੁੱਖ ਰਖਦੇ ਹੋਏ ਉਹ ਕਾਬਲੀਅਤਾਂ ਉਲਿਖਤ ਕਰੇਗਾ, ਜਿਹੜੀਆਂ ਕਿ ਉਸ ਆਸਾਮੀ ਤੇ ਨਿਯੁਕਤੀ ਲਈ, ਉਮੀਦਵਾਰ ਦੁਆਰਾ ਪੂਰੀਆਂ ਕੀਤੀਆਂ ਜਾਣੀਆਂ ਲੋੜੀਂਦੀਆਂ ਹੋਣਗੀਆਂ ।*

(ਖ) ਸੁਪਰਵਾਈਜ਼ਰ(ਪ੍ਰਚਾਲਣ) ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ ਜੇਕਰ ਉਹ ਇਨਸਟਰਕਟਰ ਜਾਂ ਸਟੈਨੋਗ੍ਰਾਫਰ ਦੇ ਤੌਰ ਤੇ ਕੰਮ ਕਰਨ ਦਾ ਘੱਟੋ ਘੱਟ 5 ਸਾਲਾਂ ਦਾ ਤਜਰਬਾ ਨਾ ਰਖਦਾ ਹੋਵੇ ਅਤੇ ਉਸ ਨੇ ਬੋਰਡ ਦੁਆਰਾ ਲਏ ਗਏ ਸਟੈਨੋਗ੍ਰਾਫਰ ਜਾਂ ਇਨਸਟਰਕਟਰ ਦਾ ਟੈਸਟ ਪਾਸ ਨਾ ਕੀਤਾ ਹੋਵੇ ।

(ਗ) ਲਾਇਬ੍ਰੇਰੀਅਨ ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ, ਜੇਕਰ ਉਹ ਲਾਇਬ੍ਰੇਰੀ ਸਹਾਇਕ ਦੇ ਤੌਰ ਤੇ ਕੰਮ ਕਰਨ ਦਾ 5 ਸਾਲ ਦਾ ਤਜਰਬਾ ਨਾ ਰਖਦਾ ਹੋਵੇ ਅਤੇ ਉਹ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਦਾ ਗਰੈਜੂਏਟ ਨਾ ਹੋਵੇ ਅਤੇ ਉਹ ਲਾਇਬ੍ਰੇਰੀ ਵਿਗਿਆਨ ਦਾ ਸਰਟੀਫਿਕੇਟ ਨਾ ਰਖਦਾ ਹੋਵੇ;

ਘ) ਹੈਡ ਕਲਰਕ ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ, ਜੇਕਰ ਉਹ ਸਹਾਇਕ ਜਾਂ ਸਟੈਨੋਗ੍ਰਾਫਰ ਦੇ ਤੌਰ ਤੇ ਕੰਮ ਕਰਨ ਦਾ ਘੱਟੋ ਘੱਟ 5 ਸਾਲਾਂ ਦਾ ਤਜਰਬਾ ਨਾ ਰਖਦਾ ਹੋਵੇ ਅਤੇ ਸਟੈਨੋਗ੍ਰਾਫਰ ਦੀ ਸੂਰਤ ਵਿਚ ਉਸ ਨੇ, ਬੋਰਡ ਦੁਆਰਾ ਲਏ ਗਏ ਸਹਾਇਕ ਦਾ ਟੈਸਟ ਪਾਸ ਨਾ ਕੀਤਾ ਹੋਵੇ;

(ਙ) ਇਨਸਟਰਕਟਰ(ਪੰਜਾਬੀ ਜਾਂ ਹਿੰਦੀ) ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ, ਜੇਕਰ ਉਹ ਇਨਸਟਰਕਟਰ(ਪੰਜਾਬੀ) ਦੀ ਆਸਾਮੀ ਤੇ ਤਰੱਕੀ ਦੀ ਸੂਰਤ ਵਿਚ ਸਟੈਨੋਗ੍ਰਾਫਰ(ਪੰਜਾਬੀ) ਦੇ ਤੌਰ ਤੇ ਕੰਮ ਕਰਨ ਦਾ ਅਤੇ ਇਨਸਟਰਕਟਰ(ਹਿੰਦੀ) ਦੀ (ਹਿੰਦੀ) ਆਸਾਮੀ ਤੇ ਤਰੱਕੀ ਦੀ ਸੂਰਤ ਵਿਚ ਸਟੈਨੋਗ੍ਰਾਫਰ ਦੇ ਤੌਰ ਤੇ ਕੰਮ ਕਰਨ ਦਾ ਘੱਟੋ ਘੱਟ 5 ਸਾਲਾਂ ਦਾ ਤਜਰਬਾ ਨਾ ਰਖਦਾ ਹੋਵੇ;

(ਚ) ਸਹਾਇਕ ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ, ਜੇਕਰ ਉਹ ਕਲਰਕ, ਸਟੈਨੋਗ੍ਰਾਫਰ ਜਾਂ ਲੇਖਾਕਾਰ ਦੇ ਤੌਰ ਤੇ ਕੰਮ ਕਰਨ ਦਾ ਘੱਟੋ ਘੱਟ 5 ਸਾਲਾਂ ਦਾ ਤਜਰਬਾ ਨਾ ਰਖਦਾ ਹੋਵੇ ਅਤੇ ਉਸ ਨੇ ਬੋਰਡ ਦੁਅਰਾ ਲਏ ਗਏ ਸਹਾਇਕ ਦਾ ਟੈਸਟ ਪਾਸ ਨਾ ਕੀਤਾ ਹੋਵੇ;

(ਛ)ਲੇਖਾਕਾਰ ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ, ਜੇਕਰ ਉਹ ਕਲਰਕ ਦੇ ਤੌਰ ਤੇ ਕੰਮ ਕਰਨ ਦਾ ਘੱਟੋ ਘੱਟ 5 ਸਾਲਾਂ ਦਾ ਤਜਰਬਾ ਨਾ ਰਖਦਾ ਹੋਵੇ ਅਤੇ ਉਸ ਨੇ ਬੋਰਡ ਦੁਆਰਾ ਲਏ ਗਏ ਸਹਾਇਕ ਦਾ ਟੈਸਟ ਪਾਸ ਨਾ ਕੀਤਾ ਹੋਵੇ;

(ਜ) ਸਟੈਨੋਗ੍ਰਾਫਰ(ਪੰਜਾਬੀ ਜਾਂ ਹਿੰਦੀ) ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ, ਜੇਕਰ ਉਹ ਸਟੈਨੋਗ੍ਰਾਫਰ(ਪੰਜਾਬੀ) ਦੀ ਆਸਾਮੀ ਤੇ ਤਰੱਕੀ ਦੀ ਸੂਰਤ ਵਿਚ ਪੰਜਾਬੀ ਟਾਈਪਿਸਟ ਦੇ ਤੌਰ ਤੇ ਕੰਮ ਕਰਨ ਦਾ ਅਤੇ ਸਟੈਨੋਗ੍ਰਾਫਰ(ਹਿੰਦੀ) ਦੀ ਆਸਾਮੀ ਤੇ ਤਰੱਕੀ ਦੀ ਸੂਰਤ ਵਿਚ ਹਿੰਦੀ ਟਾਈਪਿਸਟ ਦੇ ਤੌਰ ਤੇ ਕੰਮ ਕਰਨ ਦਾ ਘੱਟੋ ਘੱਟ 3 ਸਾਲਾਂ ਦਾ ਤਜਰਬਾ ਨਾ ਰਖਦਾ ਹੋਵੇ ਅਤੇ ਉਸ ਨੇ ਬੋਰਡ ਦੁਆਰਾ ਲਏ ਗਏ ਪੰਜਾਬੀ ਅਤੇ ਹਿੰਦੀ, ਜੋ ਵੀ ਸੂਰਤ ਹੋਵੇ, ਦੀ ਸਟੈਨੋਗ੍ਰਾਫੀ ਦਾ ਟੈਸਟ ਪਾਸ ਨਾ ਕੀਤਾ ਹੋਵੇ;

(ਝ)ਕਲਰਕ ਜਾਂ ਟਾਈਪਿਸਟ ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ, ਜੇਕਰ ਉਹ ਸਕਰਾਈਬ ਜਾਂ ਰੈਸਟੋਰਰ ਦੇ ਤੌਰ ਤੇ ਕੰਮ ਕਰਨ ਦਾ ਘੱਟੋ ਘੱਟ 5 ਸਾਲਾਂ ਦਾ ਤਜਰਬਾ ਨਾ ਰਖਦਾ ਹੋਵੇ ਅਤੇ ਉਹ ਮੈਟ੍ਰਿਕ ਨਾ ਹੋਵੇ;

ਪਰੰਤੂ ਇਹ ਹੈ ਕਿ ਟਾਈਪਿਸਟ ਦੀ ਆਸਾਮੀ ਤੇ ਤਰੱਕੀ ਦੀ ਸੂਰਤ

ਵਿਚ ਉਹ ਟਾਈਪ ਕਰਨ ਵਿਚ ਵੀ 30 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਰਖਦਾ ਹੋਵੇ;

(ਞ) ਸਕਰਾਈਬ ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ, ਜੇਕਰ ਉਹ ਰੈਸਟੋਰਰ ਦੇ ਤੌਰ ਤੇ ਕੰਮ ਕਰਨ ਦਾ ਘੱਟੋ ਘੱਟ 3 ਸਾਲਾਂ ਦਾ ਤਜਰਬਾ ਨਾ ਰਖਦਾ ਹੋਵੇ ਅਤੇ ਉਹ ਮੈਟ੍ਰਿਕ ਨਾ ਹੋਵੇ;

(ਟ) ਰੈਸਟੋਰਰ ਦੀ ਆਸਾਮੀ ਤੇ ਤਰੱਕੀ ਦਾ ਪਾਤਰ ਨਹੀਂ ਹੋਵੇਗਾ, ਜੇਕਰ ਉਹ ਦਫ਼ਤਰੀ ਜਾਂ ਜਿਲਦਸਾਜ਼, ਗੈਸਟੈਟਨਰ ਓਪਰੇਟਰ ਜਾਂ ਸੇਵਾਦਾਰ ਦੇ ਤੌਰ ਤੇ ਕੰਮ ਕਰਨ ਦਾ ਘੱਟੋ ਘੱਟ 5 ਸਾਲਾਂ ਦਾ ਤਜਰਬਾ ਨਾ ਰਖਦਾ ਹੋਵੇ ਅਤੇ ਉਹ ਮਿਡਲ ਸਕੂਲ ਦੀ ਪਰੀਖਿਆ ਪਾਸ ਨਾ ਹੋਵੇ ।

ਭਾਗ-।।।-ਸੇਵਾ ਦੀਆਂ ਸ਼ਰਤਾਂ

9.(1) ਸੇਵਾ ਵਿਚ ਨਿਯੁਕਤ ਕੀਤੇ ਗਏ ਵਿਅਕਤੀ, ਜੇ ਸਿੱਧੀ ਨਿਯੁਕਤੀ ਦੁਆਰਾ ਭਰਤੀ ਕੀਤੇ ਗਏ ਹੋਣ ਤਾਂ 2 ਸਾਲਾਂ ਦੇ ਸਮੇਂ ਲਈ ਅਤੇ ਜੇ ਹੋਰਵੇਂ ਨਿਯੁਕਤ ਕੀਤੇ ਗਏ ਹੋਣ ਤਾਂ ਇਕ ਸਾਲ ਦੇ ਸਮੇਂ ਲਈ, ਪਰਖ ਤੇ ਰਹਿਣਗੇ : — ਸੇਵਾ ਦੇ ਮੈਂਬਰਾਂ ਦੀ ਪਰਖ

ਪਰੰਤੂ ਇਹ ਹੈ ਕਿ:-

(ੳ) ਸੇਵਾ ਵਿਚ ਨਿਯੁਕਤ ਹੋਣ ਉਪਰੰਤ ਕਿਸੇ ਮੁਕਾਬਲੇ ਦੀ ਜਾਂ ਉਚੇਰੀ ਆਸਾਮੀ ਤੇ ਡੈਪੂਟੇਸ਼ਨ ਤੇ ਬਿਤਾਇਆ ਗਿਆ ਕੋਈ ਸਮਾਂ ਇਸ ਨਿਯਮ ਅਧੀਨ ਨਿਯਤ ਪਰਖ ਅਧੀਨ ਸਮੇਂ ਵਿਚ ਗਿਣਿਆ ਜਾਵੇਗਾ;

(ਅ) ਬਦਲੀ ਦੁਆਰਾ ਹੋਈ ਨਿਯੁਕਤੀ ਦੀ ਸੂਰਤ ਵਿਚ, ਸੇਵਾ ਵਿਚ ਆਉਣ ਤੋਂ ਪਹਿਲਾਂ ਕਿਸੇ ਬਰਾਬਰ ਜਾਂ ਉਚੇਰੀ ਆਸਾਮੀ ਤੇ ਕੰਮ ਦਾ ਕੋਈ ਸਮਾਂ ਸਰਕਾਰ ਦੇ ਵਿਵੇਕ ਤੇ, ਇਸ ਨਿਯਮ ਅਧੀਨ ਨਿਯਤ ਪਰਖ ਦੇ ਸਮੇਂ ਵਿਚ ਗਿਣੇ ਜਾਣ ਦੀ ਇਜਾਜ਼ਤ ਦਿੱਤੀ ਜਾ ਸਕੇਗੀ; ਅਤੇ ;

(ੲ) ਸੇਵਾ ਵਿਚ ਕਾਇਮ ਮੁਕਾਮ ਨਿਯੁਕਤੀ ਦਾ ਸਮਾਂ ਪਰਖ ਅਧੀਨ ਬਿਤਾਏ ਸਮੇਂ ਦੇ ਤੌਰ ਤੇ ਗਿਣਿਆ ਜਾਵੇਗਾ, ਪਰ ਕੋਈ ਵੀ ਅਜਿਹਾ ਮੈਂਬਰ, ਜਿਹੜਾ ਇਸ ਤਰ੍ਹਾਂ ਕਾਇਮ ਮੁਕਾਮ ਰਿਹਾ ਹੋਵੇ, ਪਰਖ ਦਾ ਮੁਕਰੱਰ ਸਮਾਂ ਮੁਕੰਮਲ ਕਰਨ ਉਪਰੰਤ, ਪੱਕੇ ਹੋਣ ਦਾ ਹੱਕਦਾਰ ਨਹੀਂ ਹੋਵੇਗਾ ਜੇਕਰ ਉਹ ਕਿਸੇ ਪੱਕੀ ਆਸਾਮੀ ਤੇ ਨਿਯੁਕਤ ਨਹੀਂ ਕੀਤਾ ਗਿਆ ।

(2) ਜੇ ਪਰਖ ਦੇ ਸਮੇਂ ਦੇ ਦੌਰਾਨ, ਸੇਵਾ ਵਿਚ ਲਾਏ ਵਿਅਕਤੀ ਦਾ ਕੰਮ ਜਾਂ ਆਚਰਣ, ਨਿਯੁਕਤੀ ਅਥਾਰਿਟੀ ਦੀ ਰਾਏ ਵਿਚ, ਤਸਲੀਬਖਸ਼ ਨਾ ਹੋਵੇ, ਤਾਂ ਉਹ :-

(ੳ) ਉਸ ਨੂੰ ਨੌਕਰੀ ਤੋਂ ਅਲੱਗ ਕਰ ਸਕੇਗੀ, ਜੇ ਉਸ ਨੂੰ ਸਿੱਧੀ ਨਿਯੁਕਤੀ ਦੁਆਰਾ ਭਰਤੀ ਕੀਤਾ ਗਿਆ ਹੋਵੇ;

(ਅ) ਜੇ ਉਸ ਨੂੰ ਹੋਰਵੇਂ ਭਰਤੀ ਕੀਤਾ ਗਿਆ ਹੋਵੇ;

(i) ਉਸ ਨੂੰ ਉਸ ਦੀ ਪੂਰਵ ਆਸਾਮੀ ਤੇ ਪਰਤਾ ਸਕੇਗੀ;

(ii) ਉਸ ਨਾਲ ਹੋਰ ਅਜਿਹੇ ਢੰਗ ਨਾਲ ਡੀਲ ਕਰ ਸਕੇਗੀ ਜਿਵੇਂ ਕਿ ਉਸ ਦੀ ਪਿਛਲੀ ਨਿਯੁਕਤੀ ਦੀਆਂ ਬਾਨ੍ਹਾਂ ਤੇ ਸ਼ਰਤਾਂ ਇਜਾਜ਼ਤ ਦੇਣ ।

(3) ਕਿਸੇ ਵਿਅਕਤੀ ਦਾ ਪਰਖ ਦਾ ਸਮਾਂ ਮੁਕੰਮਲ ਹੋਣ ਉਤੇ ਨਿਯੁਕਤੀ ਅਥਾਰਿਟੀ:-

(ੳ) ਜੇ ਉਸ ਦੀ ਰਾਏ ਵਿਚ, ਉਸ ਦਾ ਕੰਮ ਅਤੇ ਆਚਰਣ ਤਸੱਲੀਬਖਸ਼ ਰਿਹਾ ਹੋਵੇ, ਤਾਂ :-

(i) ਅਜਿਹੇ ਵਿਅਕਤੀ ਨੂੰ, ਜੇ ਉਹ ਪੱਕੀ ਆਸਾਮੀ ਤੇ ਨਿਯੁਕਤ ਕੀਤਾ ਗਿਆ ਹੋਵੇ, ਉਸ ਦੀ ਨਿਯੁਕਤੀ ਦੀ ਮਿਤੀ ਤੋਂ ਪੱਕਾ ਕਰ ਸਕੇਗੀ; ਜਾਂ

(ii) ਅਜਿਹੇ ਵਿਅਕਤੀ ਨੂੰ, ਜੇ ਉਹ ਕੱਚੀ ਆਸਾਮੀ ਤੇ ਨਿਯੁਕਤ ਕੀਤਾ ਗਿਆ ਹੋਵੇ, ਉਸ ਮਿਤੀ ਤੋਂ ਪੱਕਾ ਕਰ ਸਕੇਗੀ, ਜਿਸ ਮਿਤੀ ਤੋਂ ਪੱਕੀ ਆਸਾਮੀ ਹੋਂਦ ਵਿਚ ਆਉਂਦੀ ਹੈ; ਜਾਂ

(iii) ਜੇ ਕੋਈ ਪੱਕੀ ਆਸਾਮੀ ਨਾ ਹੋਵੇ, ਤਾਂ ਐਲਾਨ ਕਰ ਸਕੇਗੀ ਕਿ ਉਸ ਨੇ ਪਰਖ ਦਾ ਸਮਾਂ ਤਸੱਲੀਬਖਸ਼ ਤੌਰ ਤੇ ਮੁਕੰਮਲ ਕਰ ਲਿਆ ਹੈ; ਜਾਂ

(ਅ) ਜੇ ਉਸ ਦੀ ਰਾਏ ਵਿਚ, ਉਸ ਦਾ ਕੰਮ ਅਤੇ ਆਚਰਣ ਤਸੱਲੀਬਖਸ਼ ਨਾ ਰਿਹਾ ਹੋਵੇ ਤਾਂ:-

(i) ਜੇ ਉਹ ਸਿੱਧੀ ਨਿਯੁਕਤੀ ਦੁਆਰਾ ਭਰਤੀ ਕੀਤਾ ਗਿਆ ਹੋਵੇ ਤਾਂ ਉਸ ਨੂੰ ਨੌਕਰੀ ਤੋਂ ਅਲੱਗ ਕਰ ਸਕੇਗੀ, ਜਾਂ, ਜੇ ਉਹ ਹੋਰਵੇਂ ਨਿਯੁਕਤ ਕੀਤਾ ਗਿਆ ਹੋਵੇ ਤਾਂ ਉਸ ਨੂੰ ਉਸ ਦੀ ਪੂਰਵ ਆਸਾਮੀ ਤੇ ਪਰਤਾ ਸਕੇਗੀ, ਜਾਂ ਉਸ ਸਬੰਧੀ ਅਜਿਹੀ ਹੋਰ ਕਾਰਵਾਈ ਕਰ ਸਕੇਗੀ, ਜਿਵੇਂ ਕਿ ਉਸ ਦੀ ਪਿਛਲੀ ਨਿਯੁਕਤੀ ਦੀਆਂ ਸ਼ਰਤਾਂ ਅਤੇ ਬਾਨ੍ਹਾਂ ਇਜਾਜ਼ਤ ਦੇਣ;

(ii) ਉਸ ਦੀ ਪਰਖ ਦਾ ਸਮਾਂ ਵਧਾ ਸਕੇਗੀ ਅਤੇ ਇਸ ਉਪਰੰਤ ਅਜਿਹੇ ਹੁਕਮ ਕਰ ਸਕੇਗੀ ਜਿਹੜੇ ਕਿ ਪਰਖ ਦੇ ਪਹਿਲੇ ਸਮੇਂ ਦੀ ਸਮਾਪਤੀ ਤੇ ਕੀਤੇ ਜਾ ਸਕਦੇ ਸਨ:

ਪਰੰਤੂ ਇਹ ਹੈ ਕਿ ਪਰਖ ਦਾ ਕੁੱਲ ਸਮਾਂ, ਵਧਾਏ ਗਏ ਸਮੇਂ ਸਮੇਤ, ਤਿੰਨ ਸਾਲਾਂ ਤੋਂ ਨਹੀਂ ਵਧੇਗਾ।

*10.* ਸੇਵਾ ਦੇ ਮੈਂਬਰਾਂ ਦੀ ਆਪਸੀ ਸੀਨੀਅਰਤਾ, ਸੇਵਾ ਵਿਚ ਉਨ੍ਹਾਂ ਦੀਆਂ ਲਗਾਤਾਰ ਨਿਯੁਕਤੀਆਂ ਦੀਆਂ ਮਿਤੀਆਂ ਦੁਆਰਾ ਵਿਨਿਰਣਿਤ ਕੀਤੀਆਂ ਜਾਣਗੀਆਂ। ਸੇਵਾ ਦੇ ਮੈਂਬਰਾਂ ਦੀ ਸੀਨੀਅਰਤਾ

ਪਰੰਤੂ ਇਹ ਹੈ ਕਿ ਸਿੱਧੇ ਤੌਰ ਤੇ ਨਿਯੁਕਤ ਕੀਤੇ ਗਏ ਮੈਂਬਰਾਂ ਦੀ ਸੂਰਤ ਵਿਚ, ਕਮਿਸ਼ਨ ਜਾਂ ਬੋਰਡ ਦੁਆਰਾ ਵਿਨਿਰਣਿਤ ਯੋਗਤਾ ਕ੍ਰਮ ਵਿਚ ਅਦਲਾ ਬਦਲੀ ਨਹੀਂ ਕੀਤੀ ਜਾਵੇਗੀ ਅਤੇ ਕਿਸੇ ਪਹਿਲੀ ਚੋਣ ਦੇ ਨਤੀਜੇ ਵਜੋਂ ਨਿਯੁਕਤ ਕੀਤੇ ਗਏ ਵਿਅਕਤੀ, ਉਨ੍ਹਾਂ ਵਿਅਕਤੀਆਂ ਤੋਂ ਸੀਨੀਅਰ ਹੋਣਗੇ ਜਿਹੜੇ ਮਗਰਲੀ ਚੋਣ ਦੇ ਨਤੀਜੇ ਵਜੋਂ ਨਿਯੁਕਤ ਕੀਤੇ ਗਏ ਹੋਣ:

ਪਰੰਤੂ ਹੋਰ ਇਹ ਹੈ ਕਿ ਇਕੋ ਮਿਤੀ ਨੂੰ ਦੋ ਜਾਂ ਦੋ ਤੋਂ ਵੱਧ ਨਿਯੁਕਤ ਕੀਤੇ ਮੈਂਬਰਾਂ ਦੀ ਸੂਰਤ ਵਿਚ, ਉਨ੍ਹਾਂ ਦੀ ਸੀਨੀਅਰਤਾ ਨਿਮਨ ਅਨੁਸਾਰ ਵਿਨਿਰਣਿਤ ਕੀਤੀ ਜਾਵੇਗੀ:-

(ੳ) ਸਿੱਧੀ ਨਿਯੁਕਤੀ ਦੁਆਰਾ ਭਰਤੀ ਕੀਤਾ ਗਿਆ ਮੈਂਬਰ, ਹੋਰਵੇਂ ਭਰਤੀ ਕੀਤੇ ਗਏ ਮੈਂਬਰਾਂ ਤੋਂ ਸੀਨੀਅਰ ਹੋਵੇਗਾ;

(ਅ) ਤਰੱਕੀ ਦੁਆਰਾ ਭਰਤੀ ਕੀਤਾ ਗਿਆ ਮੈਂਬਰ, ਬਦਲੀ ਦੁਆਰਾ ਭਰਤੀ ਕੀਤੇ ਮੈਂਬਰ ਤੋਂ ਸੀਨੀਅਰ ਹੋਵੇਗਾ;

(ੲ) ਤਰੱਕੀ ਜਾਂ ਬਦਲੀ ਦੁਆਰਾ ਭਰਤੀ ਕੀਤੇ ਗਏ ਮੈਂਬਰਾਂ ਦੀ ਸੂਰਤ ਵਿਚ, ਅਜਿਹੇ ਮੈਂਬਰਾਂ ਦੀ ਸੀਨੀਅਰਤਾ ਉਨ੍ਹਾਂ ਦੀ ਤਰੱਕੀ ਜਾਂ ਬਦਲੀ ਦੇ ਸਮੇਂ ਤੋਂ ਪਹਿਲਾਂ ਦੀਆਂ ਨਿਯੁਕਤੀਆਂ ਦੀ ਸੀਨੀਅਰਤਾ ਅਨੁਸਾਰ ਵਿਨਿਰਣਿਤ ਕੀਤੀ ਜਾਵੇਗੀ; ਅਤੇ

(ਸ) ਵੱਖ-ਵੱਖ ਕਾਡਰਾਂ ਤੋਂ ਬਦਲੀ ਦੁਆਰਾ ਭਰਤੀ ਕੀਤੇ ਗਏ ਮੈਂਬਰਾਂ ਦੀ ਸੂਰਤ ਵਿਚ, ਉਨ੍ਹਾਂ ਦੀ ਸੀਨੀਅਰਤਾ, ਤਨਖਾਹ ਅਨੁਸਾਰ ਵਿਨਿਰਣਿਤ ਕੀਤੀ ਜਾਵੇਗੀ ਅਤੇ ਤਰਜੀਹ ਉਸ ਮੈਂਬਰ ਨੂੰ ਦਿੱਤੀ ਜਾਵੇਗੀ ਜੋ ਆਪਣੀ ਪਿਛਲੀ ਆਸਾਮੀ ਤੇ ਉਚੇਰੇ ਦਰ ਤੇ ਤਨਖਾਹ ਲੈ ਰਿਹਾ ਸੀ ਅਤੇ ਜੇ ਲਈ ਤਨਖਾਹ ਦੇ ਦਰ ਵੀ ਇਕੋ ਹੋਣ ਤਾਂ ਇਨ੍ਹਾਂ ਨਿਯੁਕਤੀਆਂ ਵਿਚ ਉਨ੍ਹਾਂ ਦੀ ਸੇਵਾ ਦੀ ਲੰਮਾਈ ਅਨੁਸਾਰ ਵਿਨਿਰਣਿਤ ਕੀਤੀ ਜਾਵੇਗੀ ਅਤੇ ਜੇ ਉਨ੍ਹਾਂ ਦੀ ਸੇਵਾ ਦੀ ਲੰਮਾਈ ਵੀ ਇਕੋ ਜਿਹੀ ਹੋਵੇ ਤਾਂ ਵੱਡੀ ਉਮਰ ਵਾਲਾ ਮੈਂਬਰ ਛੋਟੀ ਉਮਰ ਵਾਲੇ ਮੈਂਬਰ ਤੋਂ ਸੀਨੀਅਰ ਹੋਵੇਗਾ।

-------------

ਨੋਟ-1 ਇਹ ਨਿਯਮ ਅਜਿਹੇ ਵਿਅਕਤੀ ਤੇ ਲਾਗੂ ਨਹੀਂ ਹੋਵੇਗਾ, ਜਿਨ੍ਹਾਂ ਦਾ ਯੋਗਤਾ-ਟੈਸਟ ਅਜੇ ਹੋਣਾ ਹੋਵੇ ਅਤੇ ਉਹ ਬਿਲਕੁਲ ਅਣ-ਅੰਤਮ ਤੌਰ ਤੇ ਨਿਯੁਕਤ ਕੀਤੇ ਗਏ ਹੋਣ।

ਨੋਟ-2 ਅਜਿਹੇ ਮੈਂਬਰਾਂ ਦੀ ਸੂਰਤ ਵਿਚ, ਜਿਨ੍ਹਾਂ ਦੀ ਪਰਖ ਦਾ ਸਮਾਂ ਨਿਯਮ 9 ਅਧੀਨ ਵਧਾਇਆ ਗਿਆ ਹੋਵੇ, ਇਸ ਨਿਯਮ ਦੇ ਪ੍ਰਯੋਜਨ ਲਈ ਨਿਯੁਕਤੀ ਦੀ ਮਿਤੀ ਨੂੰ, ਅਜਿਹੀ ਹੱਦ ਤੱਕ ਅੱਗੇ ਪਾਇਆ ਸਮਝਿਆ ਜਾਵੇਗਾ ਜਿਸ ਹੱਦ ਤੱਕ ਕਿ ਪਰਖ ਸਮਾਂ ਵਧਾਇਆ ਗਿਆ ਹੈ।

**ਨੋਟ-3** ਤਿੰਨਾਂ ਯੂਨਿਟਾਂ, ਅਰਥਾਤ ਡਾਇਰੈਕਟਰ ਜਨਰਲ, ਭਾਸ਼ਾ ਵਿਭਾਗ ਦੇ ਦਫ਼ਤਰ ਅਤੇ ਹਿੰਦੀ

ਅਤੇ ਪੰਜਾਬੀ ਡਾਇਰੈਕਟੋਰੇਟਸ ਦੇ ਕਰਮਚਾਰੀ ਇਨ੍ਹਾਂ ਤਿੰਨ ਯੂਨਿਟਾਂ ਵਿਚਕਾਰ ਬਦਲੀ ਯੋਗ ਹੋਣਗੇ ਅਤੇ ਉਨ੍ਹਾਂ ਦੀ ਸੀਨੀਅਰਤਾ ਸਾਂਝੀ ਹੋਵੇਗੀ।

11. ਸੇਵਾ ਦੇ ਮੈਂਬਰ ਅਜਿਹੇ ਤਨਖਾਹ ਸਕੇਲਾਂ ਦੇ ਹੱਕਦਾਰ ਹੋਣਗੇ ਜਿਹੜੇ ਸਮੇਂ ਸਮੇਂ ਸਰਕਾਰ ਦੁਆਰਾ ਅਧਿਕਾਰਿਤ ਕੀਤੇ ਜਾਣ। ਉਲਿਖਤ ਆਸਾਮੀਆਂ ਦੇ ਬਾਰੇ ਇਸ ਸਮੇਂ ਨਾਫ਼ਜ਼ ਤਨਖਾਹ-ਸਕੇਲ ਇਨ੍ਹਾਂ ਨਿਯਮਾਂ ਦੇ ਅੰਤਕਾ 'ੳ' ਵਿਚ ਦਿੱਤੇ ਗਏ ਹਨ। — ਸੇਵਾ ਦੇ ਮੈਂਬਰਾਂ ਦੀ ਤਨਖ਼ਾਹ

12. ਛੁੱਟੀ, ਪੈਨਸ਼ਨ ਅਤੇ ਇਸ ਤਰ੍ਹਾਂ ਦੇ ਹੋਰ ਮਾਮਲਿਆਂ, ਜਿਨ੍ਹਾਂ ਦਾ ਇਨ੍ਹਾਂ ਨਿਯਮਾਂ ਵਿਚ ਵਿਸ਼ੇਸ਼ ਤੌਰ ਤੇ ਵਰਣਨ ਨਹੀਂ ਕੀਤਾ ਗਿਆ, ਉਨ੍ਹਾਂ ਬਾਰੇ ਸੇਵਾ ਦੇ ਮੈਂਬਰ ਅਜਿਹੇ ਨਿਯਮਾਂ ਅਤੇ ਵਿਨਿਯਮਾਂ ਦੁਆਰਾ ਸ਼ਾਸਤ ਹੋਣਗੇ ਜੋ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 309 ਦੇ ਪ੍ਰਤਿਬੰਧ ਜਾਂ ਉਸ ਦੇ ਅਧੀਨ ਬਣਾਏ ਕਿਸੇ ਕਾਨੂੰਨ ਜਾਂ ਨਿਯਮਾਂ ਅਧੀਨ ਕਿਸੇ ਸ਼ਕਤਵਾਨ ਅਥਾਰਿਟੀ ਦੁਆਰਾ ਸਮੇਂ ਸਮੇਂ ਜਾਰੀ ਕੀਤੇ ਜਾ ਸਕਣਗੇ; — ਛੁੱਟੀ, ਪੈਨਸ਼ਨ ਅਤੇ ਹੋਰ ਮਾਮਲੇ

ਪਰੰਤੂ ਇਹ ਹੈ ਕਿ ਸੇਵਾ ਦੇ ਅਜਿਹੇ ਮੈਂਬਰਾਂ ਦੀ ਸੂਰਤ ਵਿਚ ਜਿਹੜੇ ਸਾਬਕਾ ਪਟਿਆਲਾ ਅਤੇ ਪੂਰਬੀ ਪੰਜਾਬ ਰਿਆਸਤੀ ਯੂਨੀਅਨ ਦੇ ਮੁਲਾਜ਼ਮ ਸਨ, ਛੁੱਟੀ ਪੈਨਸ਼ਨ ਅਤੇ ਹੋਰ ਸਬੰਧਤ ਮਾਮਲਿਆਂ ਬਾਰੇ, ਜੇਕਰ ਪੰਜਾਬ ਦੇ ਨਿਯਮ ਉਨ੍ਹਾਂ ਦੀ ਸੰਮਤੀ ਨਾਲ ਜਾਂ ਕਾਨੂੰਨ ਦੀ ਅਨੁਸਾਰਤਾ ਵਿਚ ਉਨ੍ਹਾਂ ਤੇ ਲਾਗੂ ਨਹੀਂ ਕੀਤੇ ਜਾਂਦੇ, ਇਕ ਨਵੰਬਰ, 1956 ਤੋਂ ਤੁਰੰਤ ਪਹਿਲਾਂ ਉਨ੍ਹਾਂ ਤੇ ਲਾਗੂ ਹੋਣ ਯੋਗ ਨਿਯਮਾਂ ਅਤੇ ਵਿਨਿਯਮਾਂ ਦੁਆਰਾ ਸ਼ਾਸਤ ਹੋਣਗੇ।

13. ਸੇਵਾ ਦਾ ਹਰੇਕ ਮੈਂਬਰ ਪੰਜਾਬ ਸਰਕਾਰ ਦੇ ਹੁਕਮਾਂ ਅਧੀਨ ਪੰਜਾਬ ਰਾਜ ਵਿਚ ਜਾਂ ਪੰਜਾਬ ਸਰਕਾਰ ਦੇ ਪ੍ਰਬੰਧਕੀ ਕੰਟਰੋਲ ਅਧੀਨ ਭਾਰਤ ਵਿਚ ਕਿਸੇ ਹੋਰ ਥਾਂ, ਜਿਥੇ ਉਸ ਦਾ ਜਾਣਾ ਲੋੜਿਆ ਜਾਵੇ, ਬਦਲੇ ਜਾਣ ਦਾ ਭਾਗੀ ਹੋਵੇਗਾ। — ਬਦਲੀ ਦੇ ਭਾਗੀ

14. (1) ਅਨੁਸ਼ਾਸਨ, ਸਜ਼ਾ ਅਤੇ ਅਪੀਲਾਂ ਨਾਲ ਸਬੰਧਤ ਮਾਮਲਿਆਂ ਬਾਰੇ ਸੇਵਾ ਦੇ ਮੈਂਬਰ, ਪੰਜਾਬ ਸਿਵਲ ਸੇਵਾ(ਸਜ਼ਾ ਅਤੇ ਅਪੀਲ) ਨਿਯਮਾਵਲੀ, 1952, ਸਮੇਂ ਸਮੇਂ ਤਰਮੀਮ ਕੀਤੇ ਅਨੁਸਾਰ; ਦੁਆਰਾ ਸ਼ਾਸਤ ਹੋਣਗੇ: — ਅਨੁਸ਼ਾਸਨ, ਦੰਡ ਅਤੇ ਅਪੀਲਾਂ

ਪਰੰਤੂ ਇਹ ਹੈ ਕਿ ਦਿੱਤੇ ਜਾਣ ਵਾਲੇ ਦੰਡਾਂ ਦੀ ਪ੍ਰਕ੍ਰਿਤੀ ਅਜਿਹੇ ਢੰਡ ਦੇਣ ਲਈ ਸ਼ਕਤਵਾਨ ਅਥਾਰਿਟੀ ਅਤੇ ਅਪੀਲ ਅਥਾਰਿਟੀ, ਇਨ੍ਹਾਂ ਨਿਯਮਾਂ ਦੇ ਅੰਤਕਾ 'ਅ' ਵਿਚ ਉਲਿਖਤ ਅਨੁਸਾਰ ਹੋਵੇਗੀ।

(2) ਪੰਜਾਬ ਸਿਵਲ ਸੇਵਾ (ਸਜ਼ਾ ਅਤੇ ਅਪੀਲ) ਨਿਯਮਾਵਲੀ, 1952 ਦੇ ਨਿਯਮ 10 ਦੇ ਉਪ ਨਿਯਮ(1) ਦੇ ਖੰਡ(ੲ) ਅਤੇ (ਸ) ਅਧੀਨ ਹੁਕਮ ਪਾਸ ਕਰਨ ਲਈ ਸ਼ਕਤਵਾਨ ਅਥਾਰਿਟੀ ਅਤੇ ਅਪੀਲ ਅਥਾਰਿਟੀ ਇਨ੍ਹਾਂ ਨਿਯਮਾਂ ਦੇ ਅੰਤਕਾ 'ੲ' ਵਿਚ ਉਲਿਖਤ ਅਨੁਸਾਰ ਹੋਵੇਗੀ।

ਲੋਦੇ ਜਾਂ ਮੁੜ-ਲੋਦੇ ਲੁਆਉਣ ਦੀ ਜ਼ਿੰਮੇਵਾਰੀ 15. ਜਦੋਂ ਸਰਕਾਰ ਵਿਸ਼ੇਸ਼ ਜਾਂ ਆਮ ਹੁਕਮ ਦੁਆਰਾ ਅਜਿਹਾ ਕਰਨ ਲਈ ਨਿਦੇਸ਼ ਦੇਵੇ, ਸੇਵਾ ਦਾ ਹਰੇਕ ਮੈਂਬਰ ਲੋਦੇ ਲਗਵਾਏਗਾ ਅਤੇ ਮੁੜ ਲੋਦੇ ਲਗਵਾਏਗਾ।

**ਵਫ਼ਾਦਾਰੀ ਦੀ ਸਹੁੰ** 16. ਸੇਵਾ ਦੇ ਹਰੇਕ ਮੈਂਬਰ ਤੋਂ, ਜੇਕਰ ਉਸ ਨੇ ਪਹਿਲਾਂ ਸਹੁੰ ਨਾ ਚੁੱਕੀ ਹੋਵੇ, ਭਾਰਤ ਅਤੇ ਕਾਨੂੰਨ ਦੁਆਰਾ ਲਾਗੂ ਭਾਰਤ ਦੇ ਸੰਵਿਧਾਨ ਪ੍ਰਤਿ ਵਫ਼ਾਦਾਰੀ ਦੀ ਸਹੁੰ ਚੁੱਕਣੀ ਲੋੜੀ ਜਾਵੇਗੀ।

**ਨਿਯਮ ਨਰਮ ਕਰਨ ਦੇ ਇਖ਼ਤਿਆਰ** 17. ਜਦੋਂ ਸਰਕਾਰ ਦੀ ਇਹ ਤਸੱਲੀ ਹੋ ਜਾਵੇ ਕਿ ਇਨ੍ਹਾਂ ਨਿਯਮਾਂ ਵਿਚੋਂ ਕਿਸੇ ਦੀ ਅਮਲਦਾਰੀ ਨਾਲ ਕਿਸੇ ਕੇਸ ਵਿਚ ਅਣਉਚਿਤ ਕਸ਼ਟ ਹੋਵੇਗਾ, ਤਾਂ ਉਹ ਹੁਕਮ ਦੁਆਰਾ, ਉਸ ਨਿਯਮ ਨੂੰ ਖਤਮ ਕਰ ਸਕਦੀ ਹੈ ਜਾਂ ਉਸ ਨਿਯਮ ਦੀਆਂ ਲੋੜਾਂ ਅਜਿਹੀ ਹੱਦ ਤੱਕ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ ਨਰਮ ਕਰ ਸਕਦੀ ਹੈ ਜਿਵੇਂ ਕਿ ਉਹ ਉਸ ਕੇਸ ਨੂੰ ਨਿਆਂ ਅਤੇ ਸੁਨੀਤੀ ਪੂਰਣ ਢੰਗ ਨਾਲ ਨਜਿੱਠਣ ਵਾਸਤੇ ਜ਼ਰੂਰੀ ਸਮਝੇ।

## ਅੰਤਕਾ 'ੳ'

(ਵੇਖੋ ਨਿਯਮ 1, 3,7 ਅਤੇ 11)
ਆਸਾਮੀਆਂ ਅਤੇ ਭਰਤੀ ਲਈ ਜ਼ਰੂਰੀ ਕਾਬਲੀਅਤਾਂ ਦਾ ਵੇਰਵਾ-ਪੱਤਰ

| ਕ੍ਰਮ ਨੰ. | ਆਸਾਮੀ ਦਾ ਨਾਂ | ਆਸਾਮੀਆਂ ਦੀ ਗਿਣਤੀ | ਤਨਖਾਹ ਦਾ ਸਕੇਲ | ਕਾਬਲੀਅਤਾਂ |
|---|---|---|---|---|
| 1 | 2 | 3 | 4 | 5 |
| | | ਅਣ-ਗਜ਼ਟਿਡ ਵਰਗ ।।। ਤਕਨੀਕੀ | | |
| 1. | ਜ਼ਿਲ੍ਹਾ ਭਾਸ਼ਾ ਅਫ਼ਸਰ | 13 | 200-15-320/20-500 | (ੳ) ਹਿੰਦੀ, ਪੰਜਾਬੀ ਜਾਂ ਸੰਸਕ੍ਰਿਤ ਦੀ ਸੈਕੰਡ ਕਲਾਸ ਐਮ.ਏ.;ਅਤੇ (ਅ) ਕਿਸੇ ਹੋਰ ਭਾਸ਼ਾ ਵਿਚ ਆਨਰਜ਼;ਅਤੇ (ੲ) ਅਨੁਵਾਦ, ਸ਼ਬਦਾਵਲੀ, ਸੰਪਾਦਨ, ਕੋਸ਼ਕਾਰੀ ਜਾਂ ਖੇਤਰੀ ਕਾਰਜ ਦਾ 3 ਸਾਲਾਂ ਦਾ ਤਜਰਬਾ । |
| 2. | ਖੋਜ ਸਹਾਇਕ(ਹਿੰਦੀ) | 17 | 200-15-320/20-500 | (ੳ) ਅੰਗਰੇਜ਼ੀ ਦੀ ਐਮ.ਏ.ਅਤੇ ਹਿੰਦੀ, ਪੰਜਾਬੀ ਜਾਂ ਸੰਸਕ੍ਰਿਤ ਦੀ ਆਨਰਜ਼; ਜਾਂ (ਅ) ਹਿੰਦੀ ਜਾਂ ਸੰਸਕ੍ਰਿਤ ਦੀ ਐਮ.ਏ.ਅਤੇ ਅੰਗਰੇਜ਼ੀ ਦੀ ਆਨਰਜ਼; ਜਾਂ (ੲ) ਲਾਅ ਗਰੈਜੂਏਟ ਅਤੇ ਹਿੰਦੀ ਜਾਂ ਸੰਸਕ੍ਰਿਤ ਦੀ ਆਨਰਜ਼ ਜਾਂ ਹਿੰਦੀ ਜਾਂ ਸੰਸਕ੍ਰਿਤ ਦੀ ਐਮ.ਏ.;ਜਾਂ (ਸ) ਕਿਸੇ ਮਜ਼ਮੂਨ ਦੀ ਐਮ.ਏ.ਅਤੇ ਹਿੰਦੀ, ਸੰਸਕ੍ਰਿਤ ਜਾਂ ਫਾਰਸੀ ਦੀ ਆਨਰਜ਼; ਜਾਂ ਹਿੰਦੀ ਸੰਸਕ੍ਰਿਤ ਜਾਂ ਫਾਰਸੀ ਦੀ ਐਮ.ਏ.;ਜਾਂ (ਹ) ਹਿੰਦੀ ਜਾਂ ਸੰਸਕ੍ਰਿਤ ਦੀ ਐਮ.ਏ.ਜਾਂ ਲਾਅ ਗਰੈਜੂਏਟ ਜਾਂ ਐਮ.ਐਸ.ਸੀ.ਅਤੇ ਸੰਸਕ੍ਰਿਤ, ਹਿੰਦੀ ਜਾਂ ਪੰਜਾਬੀ ਦੀ ਆਨਰਜ਼;ਅਤੇ (ਕ) ਕਿਸੇ ਸਰਕਾਰੀ ਵਿਭਾਗ ਜਾਂ ਮਾਨਤਾ-ਪ੍ਰਾਪਤ ਸੰਸਥਾ ਵਿਚ ਕੋਸ਼ਕਾਰੀ, ਅਨੁਵਾਦ, ਸ਼ਬਦਾਵਲੀ ਜਾਂ ਸੰਪਾਦਨ ਦਾ ਤਿੰਨ ਸਾਲਾਂ ਦਾ ਤਜਰਬਾ ਜਾਂ ਉਸਦੀ ਕੋਈ ਛਪੀ ਹੋਈ ਖੋਜ ਜਾਂ ਸਾਹਿਤਕ ਰਚਨਾ ਹੋਵੇ । |
| 3. | ਖੋਜ ਸਹਾਇਕ(ਪੰਜਾਬੀ) | 29 | 200-15-320/20-500 | (ੳ) ਅੰਗਰੇਜ਼ੀ ਦੀ ਐਮ.ਏ.ਅਤੇ ਪੰਜਾਬੀ ਦੀ ਆਨਰਜ਼; ਜਾਂ (ਅ) ਪੰਜਾਬੀ ਦੀ ਐਮ.ਏ.ਅਤੇ |

| | | | | |
|---|---|---|---|---|
| | | | | ਅੰਗਰੇਜ਼ੀ ਦੀ ਆਨਰਜ਼; ਜਾਂ<br>(ਏ) ਲਾਅ ਗਰੈਜੂਏਟ ਅਤੇ ਪੰਜਾਬੀ ਦੀ ਆਨਰਜ਼ ਜਾਂ ਪੰਜਾਬੀ ਦੀ ਐਮ.ਏ.ਜਾਂ<br>(ਸ) ਕਿਸੇ ਮਜ਼ਮੂਨ ਵਿਚ ਐਮ.ਏ.ਅਤੇ ਪੰਜਾਬੀ, ਜਾਂ ਫ਼ਾਰਸੀ ਦੀ ਆਨਰਜ਼ ਜਾਂ ਪੰਜਾਬੀ, ਜਾਂ ਫ਼ਾਰਸੀ ਦੀ ਐਮ.ਏ.; ਜਾਂ<br>(ਹ) ਪੰਜਾਬੀ ਦੀ ਐਮ.ਏ.ਜਾਂ ਲਾਅ ਗਰੈਜੂਏਟ ਜਾਂ ਐਮ.ਐਸ.ਸੀ ਅਤੇ ਪੰਜਾਬੀ ਜਾਂ ਹਿੰਦੀ ਦੀ ਆਨਰਜ਼; ਅਤੇ<br>(ਕ) ਕਿਸੇ ਸਰਕਾਰੀ ਵਿਭਾਗ ਜਾਂ ਮਾਨਤਾ-ਪ੍ਰਾਪਤ ਸੰਸਥਾ ਵਿਚ ਕੋਸ਼ਕਾਰੀ,ਅਨੁਵਾਦ, ਸ਼ਬਦਾਵਲੀ ਜਾਂ ਸੰਪਾਦਨ ਦਾ ਤਿੰਨ ਸਾਲਾਂ ਦਾ ਤਜਰਬਾ, ਜਾਂ ਉਸ ਦੀ ਕੋਈ ਛਪੀ ਹੋਈ ਖੋਜ ਜਾਂ ਸਾਹਿਤਕ ਪੁਸਤਕ ਹੋਵੇ। |
| 4. | ਚਿੱਤਰਕਾਰ | 1 | 200-10-300 | (ੳ) ਕਿਸੇ ਮਾਨਤਾ-ਪ੍ਰਾਪਤ ਸੰਸਥਾ ਦਾ ਚਿੱਤਰਕਾਰੀ ਦਾ ਡਿਪਲੋਮਾ ਅਤੇ ਡੀਜ਼ਾਈਨ, ਚਿੱਤਰਕਾਰੀ ਅਤੇ ਪੇਸਟਲਸ਼ੇਡ ਵਿਚ ਅਮਲੀ ਕੰਮ ਦਾ ਦੋ ਸਾਲਾਂ ਦਾ ਤਜਰਬਾ। |
| 5. | ਕੈਮਰਾਮੈਨ | 2 | 150-10-300 | (ੳ) ਮੈਟ੍ਰਿਕ ਅਤੇ ਯੋਗਤਾ ਪ੍ਰਾਪਤ ਫੋਟੋਗ੍ਰਾਫਰ, ਦੋਵੇਂ ਰੰਗਦਾਰ ਅਤੇ ਸਿਆਹ ਤੇ ਸਫੈਦ ਫੋਟੋਗ੍ਰਾਫਰੀ ਦੀ ਚੰਗੀ ਵਾਕਫੀਅਤ ਰੱਖਦਾ ਹੋਵੇ।<br>(ਅ) ਕਿਸੇ ਮਾਨਤਾ ਪ੍ਰਾਪਤ ਸੰਸਥਾ ਜਾਂ ਕਿਸੇ ਪ੍ਰਸਿੱਧ ਵਪਾਰਕ ਸੰਸਥਾ ਵਿਚ ਅਮਲੀ ਤੌਰ ਤੇ ਤਿੰਨ ਸਾਲਾਂ ਦਾ ਤਜਰਬਾ<br>(ੲ) ਗਰੈਜੂਏਟ ਨੂੰ ਤਰਜੀਹ ਦਿੱਤੀ ਜਾਵੇਗੀ। |
| 6. | ਅਨੁਵਾਦਕ(ਹਿੰਦੀ) | 22 | 150-10-300 | (ੳ) ਅੰਗਰੇਜ਼ੀ ਦੀ ਐਮ.ਏ.ਅਤੇ ਸੰਸਕ੍ਰਿਤ ਜਾਂ ਹਿੰਦੀ ਦੀ ਆਨਰਜ਼; ਜਾਂ<br>(ਅ) ਹਿੰਦੀ ਜਾਂ ਸੰਸਕ੍ਰਿਤ ਦੀ ਐਮ.ਏ.ਅਤੇ ਅੰਗਰੇਜ਼ੀ ਦੀ ਆਨਰਜ਼ ; ਜਾਂ<br>(ੲ) ਲਾਅ ਗਰੈਜੂਏਟ ਅਤੇ ਹਿੰਦੀ ਜਾਂ ਸੰਸਕ੍ਰਿਤ ਦੀ ਆਨਰਜ਼ ਜਾਂ ਹਿੰਦੀ ਜਾਂ ਸੰਸਕ੍ਰਿਤ ਦੀ |

| | | | | |
|---|---|---|---|---|
| | | | | ਐਮ.ਏ.; ਜਾਂ<br>(ਸ) ਕਿਸੇ ਮਜ਼ਮੂਨ ਦੀ ਐਮ.ਏ.ਅਤੇ ਹਿੰਦੀ ਜਾਂ ਸੰਸਕ੍ਰਿਤ ਦੀ ਆਨਰਜ਼ ਜਾਂ ਹਿੰਦੀ ਜਾਂ ਸੰਸਕ੍ਰਿਤ ਦੀ ਐਮ.ਏ.;ਜਾਂ<br>(ਹ) ਹਿੰਦੀ ਜਾਂ ਸੰਸਕ੍ਰਿਤ ਦੀ ਐਮ.ਏ.ਜਾਂ ਲਾਅ ਗਰੈਜੂਏਟ ਜਾਂ ਬੀ.ਐਸ.ਸੀ.,ਅਤੇ ਹਿੰਦੀ ਜਾਂ ਸੰਸਕ੍ਰਿਤ ਦੀ ਆਨਰਜ਼; ਅਤੇ<br>(ਕ) ਕਿਸੇ ਸਰਕਾਰੀ ਵਿਭਾਗ ਜਾਂ ਮਾਨਤਾ-ਪ੍ਰਾਪਤ ਸੰਸਥਾ ਵਿਚ ਅਨੁਵਾਦ, ਕੋਸ਼ਕਾਰੀ, ਸ਼ਬਦਾਵਲੀ ਜਾਂ ਪਰੂਫ਼ ਰੀਡਿੰਗ ਦੇ ਕੰਮ ਵਿਚ ਤਿੰਨ ਸਾਲ ਦੇ ਤਜਰਬੇ ਵਾਲੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ। |
| 7. | ਅਨੁਵਾਦਕ(ਪੰਜਾਬੀ) | 28 | 150-10-300 | (ੳ) ਅੰਗਰੇਜ਼ੀ ਦੀ ਐਮ.ਏ.ਅਤੇ ਪੰਜਾਬੀ ਦੀ ਆਨਰਜ਼; ਜਾਂ<br>(ਅ) ਪੰਜਾਬੀ ਦੀ ਐਮ.ਏ.ਅਤੇ ਅੰਗਰੇਜ਼ੀ ਦੀ ਆਨਰਜ਼; ਜਾਂ<br>(ੲ) ਲਾਅ ਗਰੈਜੂਏਟ ਅਤੇ ਪੰਜਾਬੀ ਦੀ ਆਨਰਜ਼ ਜਾਂ ਪੰਜਾਬੀ ਦੀ ਐਮ.ਏ.ਜਾਂ<br>(ਸ) ਕਿਸੇ ਮਜ਼ਮੂਨ ਦੀ ਐਮ.ਏ.ਅਤੇ ਪੰਜਾਬੀ ਦੀ ਆਨਰਜ਼ ਜਾਂ ਪੰਜਾਬੀ ਦੀ ਐਮ.ਏ.; ਜਾਂ<br>(ਹ) ਪੰਜਾਬੀ ਦੀ ਐਮ.ਏ.ਜਾਂ ਲਾਅ ਗਰੈਜੂਏਟ ਜਾਂ ਬੀ.ਐਸ.ਸੀ.ਅਤੇ ਪੰਜਾਬੀ ਦੀ ਆਨਰਜ਼; ਅਤੇ<br>(ਕ) ਕਿਸੇ ਸਰਕਾਰੀ ਵਿਭਾਗ ਜਾਂ ਮਾਨਤਾ-ਪ੍ਰਾਪਤ ਸੰਸਥਾ ਵਿਚ ਅਨੁਵਾਦ, ਕੋਸ਼ਕਾਰੀ, ਸ਼ਬਦਾਵਲੀ ਜਾਂ ਪਰੂਫ਼ ਰੀਡਿੰਗ ਦੇ ਕੰਮ ਵਿਚ ਤਿੰਨ ਸਾਲਾਂ ਦੇ ਤਜਰਬੇ ਵਾਲੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ। |
| 8. | ਪੰਜਾਬੀ ਆਰਗੇਨਾਈਜ਼ਰ | 1 | 150-10-300 | (ੳ)ਪੰਜਾਬੀ ਦੀ ਐਮ.ਏ.ਅਤੇ ਮੈਟ੍ਰਿਕ ਪੱਧਰ ਤੱਕ ਹਿੰਦੀ ਜਾਂ ਸੰਸਕ੍ਰਿਤ ਗਿਆਨ;<br>(ਅ) ਤਿੰਨ ਸਾਲਾਂ ਦਾ ਦਫ਼ਤਰੀ ਤਜਰਬਾ। |
| 9. | ਹਿੰਦੀ ਆਰਗੇਨਾਈਜ਼ਰ | 1 | 150-10-300 | ਹਿੰਦੀ ਦੀ ਐਮ.ਏ.ਅਤੇ ਮੈਟ੍ਰਿਕ ਪੱਧਰ ਤੱਕ ਪੰਜਾਬੀ ਦਾ ਗਿਆਨ;<br>(ਅ) 3 ਸਾਲਾਂ ਦਾ ਦਫ਼ਤਰੀ |

| | | | | |
|---|---|---|---|---|
| | | | | ਤਜਰਬਾ; |
| *10.* | ਉਰਦੂ ਆਰਗੇਨਾਈਜ਼ਰ | *1* | *150-10-300* | (ੳ) ਉਰਦੂ ਜਾਂ ਫ਼ਾਰਸੀ ਦੀ ਐਮ.ਏ.;<br>(ਅ) 3 ਸਾਲਾਂ ਦਾ ਦਫ਼ਤਰੀ ਤਜਰਬਾ। |
| *11.* | ਅੰਕੜਾ ਵਿਗਿਆਨੀ | *1* | *180-10-320/16-400/20-440* | (ੳ) ਅੰਕੜਾ ਵਿਗਿਆਨ ਦੀ ਐਮ.ਏ.,ਅੰਕੜਾ ਵਿਗਿਆਨ ਨਾਲ ਅਰਥ ਵਿਗਿਆਨ ਦੀ ਐਮ.ਏ.ਜਾਂ ਅੰਕੜਾ ਵਿਗਿਆਨ ਨਾਲ ਹਿਸਾਬ ਦੀ ਐਮ.ਏ.;<br>(ਅ) ਫੀਲਡ ਵਿੱਚੋਂ ਅੰਕੜੇ ਇਕੱਠੇ ਕਰਨ ਦੇ ਕੰਮ ਵਿਚ ਤਜਰਬੇ ਵਾਲੇ ਵਿਅਕਤੀ ਨੂੰ ਤਰਜੀਹ ਦਿੱਤੀ ਜਾਵੇਗੀ। |
| *12.* | ਲਾਇਬ੍ਰੇਰੀਅਨ | | *150-10-300* | (ੳ)ਲਾਇਬ੍ਰੇਰੀ ਵਿਗਿਆਨ ਦੀ ਡਿਗਰੀ , ਡਿਪਲੋਮਾ ਜਾਂ ਸਰਟੀਫਿਕੇਟ । ਕਿਸੇ ਪ੍ਰਸਿੱਧ ਲਾਇਬ੍ਰੇਰੀ ਵਿਚ ਕੰਮ ਕਰਨ ਦਾ ਦੋ ਸਾਲਾਂ ਦਾ ਤਜਰਬਾ। ਉਰਦੂ ਦੀ ਜਾਣਕਾਰੀ ਜ਼ਰੂਰੀ ਹੈ। |
| *13.* | ਸਹਾਇਕ ਕੋਸ਼ਕਾਰ(ਹਿੰਦੀ) | *1* | *116-8-180/10-250* | (ੳ) ਲਾਜ਼ਮੀ ਮਜ਼ਮੂਨ ਵਜੋਂ ਹਿੰਦੀ ਜਾਂ ਸੰਸਕ੍ਰਿਤ ਨਾਲ ਬੀ.ਏ.ਅਤੇ ਕਿਸੇ ਹੋਰ ਭਾਸ਼ਾ ਵਿਚ ਆਨਰਜ਼ ਜਾਂ ਹਿੰਦੀ ਜਾਂ ਸੰਸਕ੍ਰਿਤ ਦੀ ਆਨਰਜ਼ ਨਾਲ ਬੀ.ਐਸ.ਸੀ.ਜਾਂ ਬੀ.ਏ.;<br>(ਅ) ਕਿਸੇ ਸਰਕਾਰੀ ਵਿਭਾਗ ਜਾਂ ਮਾਨਤਾ-ਪ੍ਰਾਪਤ ਸੰਸਥਾ ਵਿਚ ਕੋਸ਼ਕਾਰੀ ਜਾਂ ਅਨੁਵਾਦ ਦਾ ਕੁਝ ਤਜਰਬਾ;<br>(ੲ) ਹਿੰਦੀ ਐਮ.ਏ.ਨੂੰ ਤਰਜੀਹ ਦਿੱਤੀ ਜਾਵੇਗੀ। |
| *14.* | ਸਹਾਇਕ ਕੋਸ਼ਕਾਰ(ਪੰਜਾਬੀ) | *5* | *116-8-180/10-250* | (ੳ) ਲਾਜ਼ਮੀ ਮਜ਼ਮੂਨ ਵਜੋਂ ਪੰਜਾਬੀ ਨਾਲ ਬੀ.ਏ.ਅਤੇ ਕਿਸੇ ਹੋਰ ਭਾਸ਼ਾ ਵਿਚ ਆਨਰਜ਼ ਜਾਂ ਪੰਜਾਬੀ ਆਨਰਜ਼ ਸਮੇਤ ਬੀ.ਐਸ.ਸੀ.ਜਾਂ ਬੀ.ਏ.;<br>(ਅ) ਕਿਸੇ ਸਰਕਾਰੀ ਵਿਭਾਗ ਜਾਂ ਮਾਨਤਾ-ਪ੍ਰਾਪਤ ਸੰਸਥਾ ਵਿਚ ਕੋਸ਼ਕਾਰੀ ਜਾਂ ਅਨੁਵਾਦ ਦਾ ਕੁਝ ਤਜਰਬਾ;<br>(ੲ) ਪੰਜਾਬੀ ਐਮ.ਏ.ਨੂੰ ਤਰਜੀਹ ਦਿੱਤੀ ਜਾਵੇਗੀ। |
| *15.* | ਪਰੂਫ ਰੀਡਰ(ਹਿੰਦੀ) | 6 | *116-8-180/10-250* | (ੳ) ਲਾਜ਼ਮੀ ਮਜ਼ਮੂਨ ਵਜੋਂ ਹਿੰਦੀ ਜਾਂ ਸੰਸਕ੍ਰਿਤ ਨਾਲ ਬੀ.ਏ.ਅਤੇ ਕਿਸੇ ਹੋਰ ਭਾਸ਼ਾ |

| | | | | |
|---|---|---|---|---|
| | | | | ਵਿਚ ਆਨਰਜ਼ ਜਾਂ ਬੀ.ਐਸ.ਸੀ.ਜਾਂ ਬੀ.ਏ.ਅਤੇ ਹਿੰਦੀ ਜਾਂ ਸੰਸਕ੍ਰਿਤ ਦੀ ਆਨਰਜ਼;<br>(ਅ) ਕਿਸੇ ਸਰਕਾਰੀ ਵਿਭਾਗ ਜਾਂ ਮਾਨਤਾ-ਪ੍ਰਾਪਤ ਸੰਸਥਾ ਵਿਚ ਪਰੂਫ ਰੀਡਿੰਗ ਦੇ ਕੰਮ ਦਾ ਕੁਝ ਤਜਰਬਾ;<br>(ੲ) ਹਿੰਦੀ ਜਾਂ ਸੰਸਕ੍ਰਿਤ ਦੀ ਐਮ.ਏ.ਨੂੰ ਤਰਜੀਹ ਦਿੱਤੀ ਜਾਵੇਗੀ। |
| 16. | ਪਰੂਫ਼ ਰੀਡਰ(ਪੰਜਾਬੀ) | 10 | 116-8-180/10-250 | (ੳ) ਲਾਜ਼ਮੀ ਮਜ਼ਮੂਨ ਵਜੋਂ ਪੰਜਾਬੀ ਨਾਲ ਬੀ.ਏ.ਅਤੇ ਕਿਸੇ ਹੋਰ ਭਾਸ਼ਾ ਵਿਚ ਆਨਰਜ਼ ਜਾਂ ਪੰਜਾਬੀ ਦੀ ਆਨਰਜ਼ ਨਾਲ ਬੀ.ਐਸ.ਸੀ.ਜਾਂ ਬੀ.ਏ.;<br>(ਅ) ਕਿਸੇ ਸਰਕਾਰੀ ਵਿਭਾਗ ਜਾਂ ਮਾਨਤਾ-ਪ੍ਰਾਪਤ ਸੰਸਥਾ ਵਿਚ ਪਰੂਫ ਰੀਡਿੰਗ ਦੇ ਕੰਮ ਦਾ ਕੁਝ ਤਜਰਬਾ;<br>(ੲ) ਪੰਜਾਬੀ ਐਮ.ਏ.ਨੂੰ ਤਰਜੀਹ ਦਿੱਤੀ ਜਾਵੇਗੀ। |
| 17. | ਵਿਕਾਸ ਸਹਾਇਕ(ਹਿੰਦੀ) | 1 | 116-8-180/10-250 | (ੳ) ਹਿੰਦੀ ਜਾਂ ਸੰਸਕ੍ਰਿਤ ਦੀ ਆਨਰਜ਼ ਨਾਲ ਗਰੈਜੂਏਟ ਅਤੇ ਵਿਕਾਸ ਜਾਂ ਫੀਲਡ ਕਾਰਜ ਦਾ ਕੁਝ ਤਜਰਬਾ;<br>(ਅ) ਹਿੰਦੀ ਐਮ.ਏ.ਨੂੰ ਤਰਜੀਹ ਦਿੱਤੀ ਜਾਵੇਗੀ। |
| 18. | ਵਿਕਾਸ ਸਹਾਇਕ(ਪੰਜਾਬੀ) | 1 | 116-8-180/10-250 | (ੳ) ਪੰਜਾਬੀ ਦੀ ਆਨਰਜ਼ ਨਾਲ ਗਰੈਜੂਏਟ ਅਤੇ ਵਿਕਾਸ ਜਾਂ ਫੀਲਡ ਦੇ ਕੰਮ ਦਾ ਕੁਝ ਤਜਰਬਾ;<br>(ਅ) ਪੰਜਾਬੀ ਐਮ.ਏ.ਨੂੰ ਤਰਜੀਹ ਦਿੱਤੀ ਜਾਵੇਗੀ; |
| 19. | ਕੰਪਿਊਟਰ | 1 | 60-4-80/5-120/5-175 | (ੳ) ਮੈਟ੍ਰਿਕ ਪਾਸ ਅਤੇ ਟੈਬੂਲੇਟਿੰਗ ਜਾਂ ਕੈਲਕੂਲੇਟਿੰਗ ਮਸ਼ੀਨ ਚਲਾਉਣ ਦੀ ਯੋਗਤਾ ਰਖਦਾ ਹੋਵੇ;<br>(ਅ) ਗਰੈਜੂਏਟ ਨੂੰ ਤਰਜੀਹ ਦਿੱਤੀ ਜਾਵੇਗੀ। |
| 20. | ਲਾਇਬ੍ਰੇਰੀ ਸਹਾਇਕ | 1 | 60-4-80/5-120/5-175 | (ੳ) ਮੈਟ੍ਰਿਕ ਪਾਸ; ਜਾਂ<br>(ਅ) ਮੈਟ੍ਰਿਕ ਪਾਸ(ਕੇਵਲ ਅੰਗਰੇਜ਼ੀ), ਹਿੰਦੀ ਜਾਂ ਪੰਜਾਬੀ ਦੀ ਆਨਰਜ਼ ਸਮੇਤ;<br>(ੲ) ਟਾਈਪ ਦੀ ਘੱਟੋ ਘੱਟ ਸਪੀਡ 30 ਸ਼ਬਦ ਪ੍ਰਤਿ ਮਿੰਟ। |

| | | | | |
|---|---|---|---|---|
| 21. | ਟੇਪ ਰੀਕਾਰਡਰ | 1 | 60-4-80/5-120/5-175 | (ੳ) ਮੈਟ੍ਰਿਕ ਪਾਸ ਅਤੇ ਯੋਗਤਾ ਪ੍ਰਾਪਤ ਰੇਡੀਓ ਮਕੈਨਿਕ<br>(ਅ) ਕਿਸੇ ਮਾਨਤਾ-ਪ੍ਰਾਪਤ ਸੰਸਥਾ ਜਾਂ ਪ੍ਰਸਿੱਧ ਵਪਾਰਕ ਸੰਸਥਾ ਵਿਚ ਰੇਡੀਓ ਮਕੈਨਿਕ ਦੇ ਕੰਮ ਦਾ ਦੋ ਸਾਲਾਂ ਦਾ ਤਜਰਬਾ । |
| 22. | ਕਾਪੀ-ਹੋਲਡਰ | 10 | 50-2-70 | ਮੈਟ੍ਰਿਕ ਪਾਸ ਜਾਂ ਮੈਟ੍ਰਿਕ (ਕੇਵਲ ਅੰਗਰੇਜ਼ੀ) ਹਿੰਦੀ ਜਾਂ ਪੰਜਾਬੀ ਦੀ ਆਨਰਜ਼ ਸਮੇਤ । |
| **ਦਫ਼ਤਰੀ ਆਸਾਮੀਆਂ** | | | | |
| **23.** | ਸੁਪਰਡੰਟ | 1 | 350-20-450 | (ੳ) ਗਰੈਜੂਏਟ;<br>(ਅ) ਹੈਡ ਕਲਰਕ, ਹੈਡ ਸਹਾਇਕ, ਉਪ-ਸੁਪਰਡੰਟ ਜਾਂ ਸੁਪਰਵਾਈਜ਼ਰ ਦੇ ਤੌਰ ਤੇ ਕੰਮ ਕਰਨ ਦਾ 5 ਸਾਲਾਂ ਦਾ ਤਜਰਬਾ । |
| **24.** | ਸੁਪਰਵਾਈਜ਼ਰ(ਪਰੀਖਿਆ) | 1 | 200-10-320/16-400/20-440 | (ੳ) ਬੀ.ਏ.;<br>(ਅ) ਹੈਡ ਕਲਰਕ, ਸਹਾਇਕ ਜਾਂ ਸਟੈਨੋਗ੍ਰਾਫਰ ਦੇ ਤੌਰ ਤੇ ਕੰਮ ਕਰਨ ਦਾ ਘੱਟੋ ਘੱਟ 4 ਸਾਲਾਂ ਦੇ ਤਜਰਬੇ ਸਮੇਤ ਯੋਗਤਾ ਪ੍ਰਾਪਤ ਸਹਾਇਕ । |
| **25.** | ਸੁਪਰਵਾਈਜ਼ਰ(ਪੰਜਾਬੀ ਸਟੈਨੋਗ੍ਰਾਫੀ) | 1 | 200-10-320/16-400/20-440 | (ੳ) ਮੈਟ੍ਰਿਕ;<br>(ਅ) ਪੰਜਾਬੀ ਵਿਚ ਸਟੈਨੋਗ੍ਰਾਫੀ ਦੇ ਇਨਸਟਰਕਟਰ ਦੇ ਤੌਰ ਤੇ ਕੰਮ ਕਰਨ ਦੇ ਘੱਟੋ ਘੱਟ ਤਿੰਨ ਸਾਲਾਂ ਦੇ ਤਜਰਬੇ ਸਮੇਤ ਪੰਜਾਬੀ ਅਤੇ ਅੰਗਰੇਜ਼ੀ ਵਿਚ ਯੋਗਤਾ ਪ੍ਰਾਪਤ ਸਟੈਨੋਗ੍ਰਾਫਰ;<br>(ੲ) ਸਟੈਨੋਗ੍ਰਾਫਰ ਦੇ ਤੌਰ ਤੇ ਕੰਮ ਕਰਨ ਦਾ ਪੰਜ ਸਾਲਾਂ ਦਾ ਤਜਰਬਾ;<br>(ਸ) ਪੰਜਾਬੀ ਸਟੈਨੋਗ੍ਰਾਫੀ ਵਿਚ ਖੋਜ ਵਾਲੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ । |
| **26** | ਸੁਪਰਵਾਈਜ਼ਰ(ਹਿੰਦੀ ਸਟੈਨੋਗ੍ਰਾਫੀ) | 1 | 200-10-320/16-400/20-440 | (ੳ) ਮੈਟ੍ਰਿਕ;<br>(ਅ) ਹਿੰਦੀ ਸਟੈਨੋਗ੍ਰਾਫੀ ਦੇ ਇਨਸਟਰਕਟਰ ਦੇ ਤੌਰ ਤੇ ਕੰਮ ਕਰਨ ਦੇ ਘੱਟੋ ਘੱਟ ਤਿੰਨ ਸਾਲਾਂ ਦੇ ਤਜਰਬੇ ਸਮੇਤ; ਹਿੰਦੀ ਅਤੇ ਅੰਗਰੇਜ਼ੀ ਵਿਚ ਯੋਗਤਾ-ਪ੍ਰਾਪਤ ਸਟੈਨੋਗ੍ਰਾਫਰ;<br>(ੲ) ਸਟੈਨੋਗ੍ਰਾਫਰ ਦੇ ਤੌਰ ਤੇ ਕੰਮ ਕਰਨ ਦਾ ਪੰਜ ਸਾਲਾਂ ਦਾ |

| | | | | |
|---|---|---|---|---|
| | | | | ਤਜਰਬਾ । (ਸ) ਹਿੰਦੀ ਸਟੈਨੋਗ੍ਰਾਫੀ ਵਿਚ ਖੋਜ ਵਾਲੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ । |
| 27. | ਹੈਡ ਕਲਰਕ | 3 | 150-10-300 | (ੳ) ਗਰੈਜੂਏਟ; (ਅ) ਸਹਾਇਕ ਦੇ ਤੌਰ ਤੇ ਕੰਮ ਕਰਨ ਦਾ 6 ਸਾਲਾਂ ਦਾ ਤਜਰਬਾ । |
| 28. | ਇਨਸਟਰਕਟਰ(ਪੰਜਾਬੀ) | 19 | 150-10-300 | (ੳ) ਪੰਜਾਬੀ ਵਿਚ ਆਨਰਜ਼ ਸਮੇਤ ਮੈਟ੍ਰਿਕ ਪਾਸ; (ਅ) ਪੰਜਾਬੀ ਵਿਚ ਯੋਗਤਾ ਪ੍ਰਾਪਤ ਸਟੈਨੋਗ੍ਰਾਫਰ ਅਤੇ ਪੰਜਾਬੀ ਸਟੈਨੋਗ੍ਰਾਫੀ ਵਿਚ ਇਨਸਟਰਕਟਰ ਦੇ ਤੌਰ ਤੇ ਕੰਮ ਕਰਨ ਦਾ ਘਟੋ ਘੱਟ ਇਕ ਸਾਲ ਦਾ ਤਜਰਬਾ । ਸਟੈਨੋਗ੍ਰਾਫਰ ਦੇ ਤੌਰ ਤੇ ਕੰਮ ਕਰਨ ਦਾ ਤਿੰਨ ਸਾਲ ਦਾ ਤਜਰਬਾ । (ੲ) ਹਿੰਦੀ ਸਟੈਨੋਗ੍ਰਾਫੀ ਜਾਣਨ ਵਾਲੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ । ਟਾਈਪ ਦੀ ਸਪੀਡ 40 ਅਤੇ ਸੰਕੇਤ ਲਿਪੀ ਦੀ ਸਪੀਡ 120 ਹੋਣ ਲਾਜ਼ਮੀ ਹੈ । |
| 29. | ਇਨਸਟਰਕਟਰ(ਹਿੰਦੀ) | 15 | 150-10-300 | (ੳ) ਹਿੰਦੀ ਆਨਰਜ਼ ਸਮੇਤ ਮੈਟ੍ਰਿਕ ਪਾਸ । (ਅ) ਹਿੰਦੀ ਵਿਚ ਯੋਗਤਾ ਪ੍ਰਾਪਤ ਸਟੈਨੋਗ੍ਰਾਫਰ ਅਤੇ ਹਿੰਦੀ ਸਟੈਨੋਗ੍ਰਾਫੀ ਵਿਚ ਇਨਸਟਰਕਟਰ ਦੇ ਤੌਰ ਤੇ ਕੰਮ ਕਰਨ ਦਾ ਇਕ ਸਾਲ ਦਾ ਤਜਰਬਾ । ਸਟੈਨੋਗ੍ਰਾਫਰ ਦੇ ਤੌਰ ਤੇ ਤਿੰਨ ਸਾਲਾਂ ਦਾ ਤਜਰਬਾ । (ੲ) ਪੰਜਾਬੀ ਸਟੈਨੋਗ੍ਰਾਫੀ ਜਾਣਨ ਵਾਲੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ । ਟਾਈਪ ਦੀ ਸਪੀਡ 40 ਅਤੇ ਸੰਕੇਤ ਲਿਪੀ ਦੀ ਸਪੀਡ 120 ਹੋਣੀ ਲਾਜ਼ਮੀ ਹੈ । |
| 30. | ਸਹਾਇਕ | 12 | 116-8-180/10-250 | (ੳ) ਦਫ਼ਤਰੀ ਕੰਮ ਦਾ ਪੰਜ ਸਾਲਾਂ ਦੇ ਤਜਰਬੇ ਸਮੇਤ ਗਰੈਜੂਏਟ । (ਅ) ਬੋਰਡ ਦੁਆਰਾ ਲਿਆ ਗਿਆ ਸਹਾਇਕ ਦਾ ਟੈਸਟ ਪਾਸ ਕੀਤਾ ਹੋਣਾ ਚਾਹੀਦਾ ਹੈ । |
| 31. | ਸਟੈਨੋਗ੍ਰਾਫਰ | 1 | 116-8-180/10-250 | (ੳ) ਮੈਟ੍ਰਿਕ ਪਾਸ; |

| | | | | |
|---|---|---|---|---|
| 32. | ਲੇਖਾਕਾਰ | 2 | 106-6-180/8-200 | (ਅ) ਬੋਰਡ ਦੁਆਰਾ ਲਿਆ ਗਿਆ ਸਟੈਨੋਗ੍ਰਾਫਰ ਦਾ ਟੈਸਟ ਪਾਸ ਕੀਤਾ ਹੋਣਾ ਚਾਹੀਦਾ ਹੈ। (ੳ) ਕਲਰਕ ਦੇ ਤੌਰ ਤੇ ਕੰਮ ਕਰਨ ਦਾ 5 ਸਾਲਾਂ ਦੇ ਤਜਰਬੇ ਸਮੇਤ ਗਰੈਜੂਏਟ। (ਅ) ਬੋਰਡ ਦੁਆਰਾ ਲਿਆ ਗਿਆ ਕਲਰਕ ਦਾ ਟੈਸਟ ਪਾਸ ਕੀਤਾ ਹੋਣਾ ਚਾਹੀਦਾ ਹੈ। |
| 33. | ਸਟੈਨੋਗ੍ਰਾਫਰ(ਪੰਜਾਬੀ ਜਾਂ ਹਿੰਦੀ) | 2 | 100-5-175 | (ੳ) ਮੈਟ੍ਰਿਕ ਪਾਸ; (ਅ) ਬੋਰਡ ਦੁਆਰਾ ਲਿਆ ਗਿਆ ਸਟੈਨੋਗ੍ਰਾਫਰ ਦਾ ਟੈਸਟ ਪਾਸ ਕੀਤਾ ਹੋਣਾ ਚਾਹੀਦਾ ਹੈ। |
| 34. | ਕਲਰਕ ਜਾਂ ਟਾਈਪਿਸਟ | 68 | 60-4-80/5-120/5-175 | (ੳ) ।। ਡਵੀਜ਼ਨ ਵਿਚ ਮੈਟ੍ਰਿਕ ਪਾਸ; (ਅ) ਮੈਟ੍ਰਿਕ ਪਾਸ; ਜਾਂ (ੲ) ਪੰਜਾਬੀ ਜਾਂ ਹਿੰਦੀ ਦੀ ਆਨਰਜ਼ ਸਮੇਤ ਮੈਟ੍ਰਿਕ ਪਾਸ(ਕੇਵਲ ਅੰਗਰੇਜ਼ੀ) (ਸ) ਘੱਟੋ ਘੱਟ ਟਾਈਪ ਸਪੀਡ 30 ਸ਼ਬਦ ਪ੍ਰਤਿ ਮਿੰਟ। |
| 35. | ਸਕਰਾਈਬ | 3 | 50-2-70 | (ੳ) ਮੈਟ੍ਰਿਕ ਪਾਸ ਜਾਂ ਮੈਟ੍ਰਿਕ (ਕੇਵਲ ਅੰਗਰੇਜ਼ੀ) ਅਤੇ ਹਿੰਦੀ ਜਾਂ ਪੰਜਾਬੀ ਦੀ ਆਨਰਜ਼ |
| 36 | ਰੈਸਟੋਰਰ | 1 | 45-2-75 | (ੳ) ਮਿਡਲ ਪਾਸ ਪੰਜਾਬੀ, ਹਿੰਦੀ ਅਤੇ ਉਰਦੂ ਭਾਸ਼ਾਵਾਂ ਵਿੱਚੋਂ ਘੱਟੋਂ ਘੱਟ ਦੋ ਭਾਸ਼ਾਵਾਂ ਦੀ ਵਾਕਫ਼ੀ ਜ਼ਰੂਰੀ ਹੈ। |

**ਨੋਟ:- ਰੈਸਟੋਰਰ ਤੋਂ ਛੁੱਟ ਸਾਰੀਆਂ ਆਸਾਮੀਆਂ ਲਈ ਘੱਟੋ ਘੱਟ ਮੈਟ੍ਰਿਕ ਸਟੈਂਡਰਡ ਦੀ ਹਿੰਦੀ ਅਤੇ ਪੰਜਾਬੀ ਦੀ ਯੋਗਤਾ ਰੱਖਣੀ ਜ਼ਰੂਰੀ ਹੋਵੇਗੀ।**

## ਅੰਤਕਾ 'ਅ'

| ਕਰਮਚਾਰੀ ਦਾ ਅਹੁਦਾ | ਦੰਡਾਂ ਦੀ ਪ੍ਰਕ੍ਰਿਤੀ | ਦੰਡ ਦੇਣ ਲਈ ਅਧਿਕਾਰਤ ਅਥਾਰਿਟੀ | ਅਪੀਲੀ ਅਥਾਰਿਟੀ |
|---|---|---|---|
| 1 | 2 | 3 | 4 |
| ਤਕਨੀਕੀ<br>--------- | | | |
| ਜ਼ਿਲ੍ਹਾ ਭਾਸ਼ਾ ਅਫ਼ਸਰ<br>ਖੋਜ ਸਹਾਇਕ | (ੳ) ਨਿਖੇਦੀ: | ਡਾਇਰੈਕਟਰ-ਜਨਰਲ | ਸਰਕਾਰ |
| ਚਿੱਤਰਕਾਰ<br>ਕੈਮਰਾਮੈਨ | (ਅ) ਨਿਪੁੰਨਤਾ ਰੋਕ ਤੇ ਰੋਕਣ ਸਮੇਤ ਸਾਲਾਨਾ | | |

| | | | |
|---|---|---|---|
| ਅਨੁਵਾਦਕ<br>ਪੰਜਾਬੀ ਆਰਗੇਨਾਈਜ਼ਰ<br>ਹਿੰਦੀ ਆਰਗੇਨਾਈਜ਼ਰ<br>ਉਰਦੂ ਆਰਗੇਨਾਈਜ਼ਰ | ਤਰੱਕੀ ਜਾਂ ਤਰੱਕੀ ਰੋਕਣੀ; | | |
| ਲਾਇਬ੍ਰੇਰੀਅਨ<br>ਸਹਾਇਕ ਕੋਸ਼ਕਾਰ<br>ਪਰੂਫ ਰੀਡਰ<br>ਵਿਕਾਸ ਸਹਾਇਕ<br>ਕੰਪਿਊਟਰ<br>ਲਾਇਬ੍ਰੇਰੀ ਸਹਾਇਕ<br><br>ਟੇਪ ਰੀਕਾਰਡਰ<br>ਕਾਪੀ ਹੋਲਡਰ | (ੲ) ਹੇਠਲੀ ਆਸਾਮੀ ਜਾਂ ਟਾਈਮ ਸਕੇਲ ਜਾਂ ਟਾਈਮ ਸਕੇਲ ਦੀ ਹੇਠਲੀ ਸਟੇਜ ਤੇ ਪਰਤਾਉਣਾ;<br>(ਸ) ਅਣ-ਗਹਿਲੀ ਜਾਂ ਹੁਕਮਾਂ ਦੀ ਉਲੰਘਣਾ ਕਾਰਣ ਸਰਕਾਰ ਨੂੰ ਪੁੱਜੇ ਮਾਲੀ ਨੁਕਸਾਨ ਦੀ ਤਨਖ਼ਾਹ ਵਿਚੋਂ ਵਸੂਲੀ;<br>(ਹ) ਮੁਅੱਤਲੀ;<br>(ਕ) ਸਿਵਲ ਸੇਵਾ ਤੋਂ ਹਟਾਉਣਾ, ਜਿਸ ਨਾਲ ਉਹ ਸਾਧਾਰਣ ਤੌਰ ਤੇ ਅਗੋਂ ਨੌਕਰੀ ਕਰਨ ਤੋਂ ਨਿਰਯੋਗ ਨਾ ਹੋ ਜਾਵੇ ।<br>(ਖ) ਸਿਵਲ ਸੇਵਾ ਤੋਂ ਬਰਖਾਸਤਗੀ, ਜਿਸ ਨਾਲ ਉਹ ਸਾਧਾਰਣ ਤੌਰ ਤੇ ਅਗੋਂ ਨੌਕਰੀ ਕਰਨ ਤੋਂ ਨਿਰਯੋਗ ਹੋ ਜਾਵੇ; | | |

## ਅੰਤਕਾ'ਏ'

| ਕਰਮਚਾਰੀ ਦਾ ਅਹੁਦਾ | ਹੁਕਮ ਦੀ ਕਿਸਮ | ਹੁਕਮ ਜਾਰੀ ਕਰਨ ਲਈ ਅਧਿਕਾਰਤ ਅਥਾਰਿਟੀ | ਅਪੀਲੀ ਅਥਾਰਿਟੀ |
|---|---|---|---|
| 1 | 2 | 3 | 4 |
| ਤਕਨੀਕੀ | | | |
| ਜ਼ਿਲ੍ਹਾ ਭਾਸ਼ਾ ਅਫ਼ਸਰ<br>ਖੋਜ ਸਹਾਇਕ<br>ਚਿੱਤਰਕਾਰ | (1) ਪੈਨਸ਼ਨ ਸਬੰਧੀ ਲਾਗੂ ਨਿਯਮਾਂ ਅਧੀਨ ਉਸ ਨੂੰ ਮਿਲਣ ਵਾਲੀ ਵੱਧ ਤੋਂ ਵੱਧ ਪੈਨਸ਼ਨ ਦੀ ਰਕਮ ਘਟਾਉਣੀ । | ਡਾਇਰੈਕਟਰ-ਜਨਰਲ | ਸਰਕਾਰ |
| ਕੈਮਰਾਮੈਨ<br>ਅਨੁਵਾਦਕ<br>ਪੰਜਾਬੀ ਆਰਗੇਨਾਈਜ਼ਰ<br>ਹਿੰਦੀ ਆਰਗੇਨਾਈਜ਼ਰ<br>ਉਰਦੂ ਆਰਗੇਨਾਈਜ਼ਰ<br>ਅੰਕੜਾ-ਵਿਗਿਆਨੀ<br>ਲਾਇਬ੍ਰੇਰੀਅਨ | (2) ਉਸ ਨੂੰ ਵੱਧ ਵਰ੍ਹੇ ਦੀ ਉਮਰ ਤੇ ਪਹੁੰਚਣ ਤੋਂ ਛੁੱਟ ਹੋਰਵੇਂ ਨਿਯੁਕਤੀ ਤੋਂ ਮੁਕਤ ਕਰਨਾ । | | |

ਸਹਾਇਕ ਕੋਸ਼ਕਾਰ
ਪਰੂਫ-ਰੀਡਰ
ਵਿਕਾਸ-ਸਹਾਇਕ
ਕੰਪਿਊਟਰ

ਲਾਇਬ੍ਰੇਰੀ ਸਹਾਇਕ, ਟੇਪ
ਰਿਕਾਰਡਰ, ਕਾਪੀ ਹੋਲਡਰ
ਦਫ਼ਤਰੀ
----------
ਸੁਪਰਡੰਟ ਸੁਪਰਵਾਈਜ਼ਰ ਹੈਡ
ਕਲਰਕ
ਇਨਸਟਰਕਟਰ ਸਹਾਇਕ
ਸਟੈਨੋਗ੍ਰਾਫਰ ਲੇਖਾਕਾਰ
ਸਟੈਨੋਗ੍ਰਾਫਰ(ਪੰਜਾਬੀ ਜਾਂ
ਹਿੰਦੀ)
ਕਲਰਕ ਜਾਂ ਟਾਈਪਿਸਟ
ਸਕਰਾਈਬ ਰੈਸਟੋਰਰ

**ਸੀ.ਡੀ ਕਪੂਰ,**
**ਸੱਖਿਆ ਕਮਿਸ਼ਨਰ ਅਤੇ ਸਕੱਤਰ,**
**ਸਿੱਖਿਆ ਤੇ ਭਾਸ਼ਾ ਵਿਭਾਗ,**
**ਪੰਜਾਬ ਸਰਕਾਰ**